Dispatch No I/20264/2020

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਰੀਦਕੋਟ

ਕੋਵਿਡ ਲਾਕਡਾਊਨ ਕਾਰਨ ਵਿਦੇਸ਼ਾਂ 'ਚ ਫ਼ਸੇ ਭਾਰਤੀ ਵਿਦਿਆਰਥੀਆਂ/ਨਾਗਰਿਕਾਂ ਦੀ ਦੇਸ਼ ਵਾਪਸੀ ਲਈ ਜਾਣਕਾਰੀ ਮੰਗੀ

ਪਰਿਵਾਰਿਕ ਮੈਂਬਰ ਐਸ ਡੀ ਐਮ ਦਫ਼ਤਰ ਜਾਂ ਜ਼ਿਲ੍ਹਾ ਕੰਟਰੋਲ ਰੂਮ ਨੰਬਰ 01639 250338 'ਤੇ ਦੇਣ ਜਾਣਕਾਰੀ

ਫਰੀਦਕੋਟ, 25 ਅਪਰੈਲ-ਜ਼ਿਲ੍ਹਾ ਮੈਜਿਸਟ੍ਰੇਟ ਫਰੀਦਕੋਟ ਸ਼੍ਰੀ ਕੁਮਾਰ ਸੋਰਭ ਰਾਜ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਵਿਡ ਲਾਕਡਾਊਨ ਦੌਰਾਨ ਵਿਦੇਸ਼ 'ਚ ਫ਼ਸਿਆ ਜ਼ਿਲ੍ਹੇ ਨਾਲ ਸਬੰਧਤ ਉਨ੍ਹਾਂ ਦਾ ਕੋਈ ਪਰਿਵਾਰਕ ਮੈਂਬਰ ,ਨਜ਼ਦੀਕੀ ਜਾਂ ਰਿਸ਼ਤੇਦਾਰ ਜਾਂ ਵਿਦਿਆਰਥੀ ਦੇਸ਼ ਪਰਤਣ ਦਾ ਚਾਹਵਾਨ ਹੈ ਤਾਂ ਉਨ੍ਹਾਂ ਦੀ ਜਾਣਕਾਰੀ ਤੁਰੰਤ ਮੁਹੱਈਆ ਕਰਵਾਈ ਜਾਵੇ।ਉਹ ਇਹ ਜਾਣਕਾਰੀ ਆਪਣੀ ਸਬ ਡਵੀਜ਼ਨ ਦੇ ਐਸ ਡੀ ਐਮ ਜਾਂ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਨੰਬਰ-01639 250338'ਤੇ ਵੀ ਲਿਖਵਾ ਸਕਦੇ ਹਨ।ਮੁਹੱਈਆ ਕਰਵਾਈ ਜਾਣ ਵਾਲੀ ਜਾਣਕਾਰੀ 'ਚ ਵਿਦੇਸ਼ 'ਚ ਫ਼ਸੇ ਵਿਅਕਤੀ ਦਾ ਨਾਮ, ਪਿਤਾ ਦਾ ਨਾਮ, ਉਸ ਕੋਲ ਮੌਜੂਦ ਮੋਬਾਇਲ ਨੰਬਰ, ਵਿਦੇਸ਼ 'ਚ ਵਰਤਮਾਨ ਪਤਾ, ਪਾਸਪੋਰਟ ਨੰਬਰ, ਪਰਿਵਾਰ ਨਾਲ ਗਏ ਹੋਣ ਦੀ ਸੂਰਤ 'ਚ ਉਸ ਨਾਲ ਵਾਪਸ ਆਉਣ ਵਾਲੇ ਹੋਰ ਮੈਂਬਰਾਂ ਦੇ ਨਾਮ, ਪੰਜਾਬ 'ਚ ਨੇੜੇ ਪੈਂਦਾ ਹਵਾਈ ਅੱਡਾ, ਆਦਿ ਜਾਣਕਾਰੀ ਵੀ ਮੁਕੰਮਲ ਤੌਰ 'ਤੇ ਦੇਣ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਇਹ ਜਾਣਕਾਰੀ ਪੰਜਾਬ ਸਰਕਾਰ ਵੱਲੋਂ ਸਥਾਪਿਤ ਸਟੇਟ ਕੋਵਡ ਕੰਟਰੋਲ ਰੂਮ ਨੂੰ ਮੁਹੱਈਆ ਕਰਵਾਈ ਜਾਵੇਗੀ, ਜਿਸ ਦੇ ਆਧਾਰ 'ਤੇ ਸਰਕਾਰ ਵੱਲੋਂ ਅਗਲੀ ਯੋਜਨਾਬੰਦੀ ਉਲੀਕੀ ਜਾਵੇਗੀ।

Dispatch  I/20287/2020

ਜਿਲਾ ਲੋਕ ਸੰਪਰਕ ਅਫਸਰ ਫਰੀਦਕੋਟ

ਬੇਸਹਾਰਾ ਪਸ਼ੂ ਧੰਨ ਦੀ ਸੰਭਾਲ਼ ਹੀ ਅਸਲ ਸੇਵਾ-ਸਹੋਤਾ

ਫਰੀਦਕੋਟ 25 ਅਪ੍ਰੈਲ (        )     ਵਧੀਕ ਡਿਪਟੀ ਕਮਿਸ਼ਨਰ (ਵਿਕਾਸ)   ਸ਼੍ਰੀ ਪ੍ਰੀਤਮਹਿੰਦਰ ਸਿੰਘ ਸਹੋਤਾ ਦੁਆਰਾ ਅੱਜ ਪਿੰਡ ਗੋਲੇਵਾਲਾ ਵਿਖੇ ਬਣੀ ਗਊਸ਼ਾਲਾ ਦਾ ਨਿਰੀਖਣ ਕੀਤਾ ਗਿਆ। ਉਹਨਾ ਵੱਲੋਂ ਪਸ਼ੂਆਂ ਦੀ ਸਾਂਭ ਸੰਭਾਲ ਅਤੇ ਪਸ਼ੂਆਂ ਨੂੰ ਆਉਂਦੀਆਂ ਮੁਸ਼ਕਿਲਾਂ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਲਈ ਗਈ। ਉਨ੍ਹਾਂ ਇਲਾਕਾ ਨਿਵਾਸੀਆਂ ਅਪੀਲ ਕੀਤੀ  ਗਈ ਕਿ ਉਹ ਗਊਸ਼ਾਲਾ ਗੋਲੇਵਾਲਾ ਲਈ ਵੱਧ ਤੋਂ ਵੱਧ ਦਾਨ , ਚਾਰਾ ,ਤੂੜੀ ਆਦਿ ਦੇਣ ਤਾਂ ਜੋ ਬੇਸਹਾਰਾ ਪਸ਼ੂਆਂ ਦਾ ਸਹੀ ਢੰਗ ਨਾਲ ਪਾਲਣ ਹੋ ਸਕੇ।
ਉਨ੍ਹਾਂ ਨੋਜਵਾਨਾਂ ਅਤੇ ਕਿਸਾਨਾ ਨੂੰ ਅਪੀਲ ਕੀਤੀ ਕਿ ਪਸ਼ੂ ਪਾਲਣ ਅਤੇ ਆਧੁਨਿਕ ਖੇਤੀ ਬਾੜੀ ਨੂੰ ਅਪਣਾਇਆ ਜਾਵੇ ਅਤੇ ਬੇਜੁਬਾਨ ਪਸ਼ੂਆ ਨੂੰ ਅਵਾਰਾ ਨਾਂ ਛੱਡਿਆਂ ਜਾਵੇ ਜੋ ਕਈ ਤਰਾਂ ਦੇ ਹਾਦਸਿਆਂ ਦਾ ਕਾਰਨ ਬਣਦੇ ਹਨ।ਇਸ ਮੋਕੇ ਪਿੰਡ ਵਾਸੀ ਹਾਜਰ ਸਨ।

Dispatch No.I/20291/2020

ਦਫ਼ਤਰ ਜਿਲਾ ਲੋਕ ਸੰਪਰਕ ਅਫਸਰ ਫਰੀਦਕੋਟ

ਕੋਵਿਡ-19 ਤਹਿਤ ਕਲਸਟਰ ਜ਼ੋਨ ਐਲਾਨੇ ਗਏ ਖੇਤਰ ਦੇ ਰਿਹਾਇਸ਼ੀ ਅਜੇ ਰੱਖਣ ਸਬਰ- ਸਿਵਲ ਸਰਜਨ
ਫਰੀਦਕੋਟ ਜ਼ਿਲ੍ਹਾ ਨਿਵਾਸੀਆਂ ਨੂੰ ਅਜੇ ਵੀ ਕੋਰੋਨਾ ਤੋਂ ਸਾਵਧਾਨ ਰਹਿਣ ਦੀ ਲੋੜ

ਫਰੀਦਕੋਟ 25 ਅਪਰੈਲ ( ) ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਪੰਜਾਬ ਵੱਲੋਂ ਨੋਵਲ ਕੋਰੋਨਾ ਵਾਇਰਸ ਦੀ ਚੇਨ ਤੋੜਨ,ਇਸ ਦੀ ਰੋਕਥਾਮ ਅਤੇ ਜਾਗਰੂਕਤਾ ਲਈ ਸੂਬੇ ਭਰ'ਚ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।ਸਿਹਤ ਮੰਤਰੀ ਪੰਜਾਬ ਸ.ਬਲਵੀਰ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਆਈ.ਏ.ਐਸ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਅੰਦਰ ਕੋਵਿਡ-19 ਦੇ ਪਰਕੋਪ ਤੋਂ ਲੋਕਾਂ ਨੂੰ ਬਚਾਉਣ ਲਈ ਵੱਖ ਅਧਿਕਾਰੀ-ਕਰਮਚਾਰੀ ਅਤੇ ਆਰ.ਆਰ.ਟੀ ਟੀਮਾਂ ਕੰਮ ਕਰ ਰਹੀਆਂ ਹਨ।ਸਰਕਾਰ ਦੇ ਹੁਕਮਾਂ ਮੁਤਾਬਕ ਸਿਹਤ ਵਿਭਾਗ ਨੇ ਸਮੂਹ ਜ਼ਿਲ੍ਹਾ ਫਰੀਦਕੋਟ ਦੇ ਨਿਵਾਸੀਆਂ ਨੂੰ ਲਾਪਰਵਾਹੀ ਨਾ ਵਰਤਣ ਦੀ ਅਪੀਲ ਕੀਤੀ ਉਨ੍ਹਾਂ ਕਿਹਾ ਕਿ ਜੇ ਸਾਵਧਾਨੀਆਂ ਅਤੇ ਹਦਾਇਤਾਂ ਨੂੰ ਅਣਗੌਲਿਆਂ ਕੀਤਾ ਗਿਆ ਤਾਂ ਇਹ ਭਿਆਨਕ ਬਿਮਾਰੀ ਕਿਸੇ ਵੀ ਸਮੇਂ ਦੁਬਾਰਾ ਦਸਤਕ ਦੇ ਸਕਦੀ ਹੈ।
ਸਿਵਲ ਸਰਜਨ ਨੇ ਕਿਹਾ ਕਿ ਜ਼ਿਲ੍ਹੇ ਦੇ ਪਾਜ਼ੇਟਿਵ ਆਏ ਦੋਂਨਾਂ ਕੇਸਾ ਦੀ 14 ਦਿਨਾਂ ਬਾਅਦ ਲਏ ਸੈਂਪਲਾਂ ਦੀ ਰਿਪੋਰਟ ਹੁਣ ਵੀ ਪਾਜ਼ੇਟਿਵ ਹੀ ਆਈ ਹੈ ,ਇਸ ਲਈ ਸ਼ਹਿਰ ਦੇ ਕੋਵਿਡ-19 ਤਹਿਤ ਕਲਸਟਰ ਜ਼ੋਨ ਐਲਾਨੇ ਗਏ ਖੇਤਰ ਦੇ ਰਿਹਾਇਸ਼ੀ ਅਜੇ ਸਬਰ ਰੱਖਣ ਅਜੇ ਇਸ ਖੇਤਰ ਨੂੰ ਖੋਲਣਾ ਠੀਕ ਨਹੀ ਹੋਵੇਗਾ।ਉਨ੍ਹਾਂ ਜ਼ਿਲ੍ਹੇ ਦੇ ਮੈਡੀਕਲ ਸਟੋਰ-ਦਵਾਈ ਵਿਕ੍ਰੇਤਾਵਾਂ ਨੂੰ ਜ਼ੁਕਾਮ,ਖੰਘ ਅਤੇ ਫਲੂ ਦੀ ਦਵਾਈ ਸਪਲਾਈ ਕਰਨ ਸਬੰਧੀ ਰਿਕਾਰਡ ਰੱਖਣ ਤੇ ਸਿਹਤ ਵਿਭਾਗ ਨੂੰ ਭੇਜਣ ਦੀ ਹਦਾਇਤ ਵੀ ਕੀਤੀ।
ਉਨ੍ਹਾਂ ਦੱਸਿਆ ਕਿ ਹੁਣ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਨਵੀਆਂ ਹਦਾਇਤਾਂ ਅਨੁਸਾਰ ਕੋਵਿਡ-19 ਦੇ ਸੈਂਪਲ ਰੀਅਲ ਟਾਈਮ ਪੋਲੀਮੇਰੇਜ਼ ਚੇਨ ਪ੍ਰਤੀਕਿਰਿਆ ਢੰਗ ਨਾਲ ਲਏ ਜਾ ਰਹੇ ਹਨ।ਮਰੀਜ਼ਾਂ ਦੇ ਸੈਂਪਲ ਹੁਣ ਜ਼ਿਲ੍ਹੇ ਵਿਚ ਸਥਾਪਿਤ ਫਲੂ ਕਾਰਨਰ ਅਤੇ ਕਲਸਟਰ ਜਾਨ ਐਲਾਨੇ ਗਏ ਖੇਤਰ ਦੇ ਰਿਹਾਇਸ਼ੀ ਆਮ ਵਿਅਕਤੀਆਂ ਦੇ ਲਏ ਜਾ ਰਹੇ ਹਨ ਜਿੰਨਾਂ ਵਿੱਚ ਜ਼ੁਕਾਮ,ਖੰਘ,ਬੁਖਾਰ ਜਾਂ ਸਾਹ ਲੈਣ ਵਿਚ ਤਕਲੀਫ ਵਰਗੇ ਲੱਛਣ ਨਜ਼ਰ ਆਉਂਦੇ ਹਨ ਦਾ ਕੋਰੋਨਾ ਦਾ ਸ਼ੱਕ ਦੂਰ ਕਰਨ ਲਈ ਸੈਂਪਲਿੰਗ ਕੀਤੀ ਜਾ ਰਹੀ ਹੈ।
ਸਿਵਲ ਸਰਜਨ ਡਾ.ਰਜਿੰਦਰ ਕੁਮਾਰ ਨੇ ਕਿਹਾ ਕਿ ਕਿਸੇ ਨੂੰ ਵੀ ਘਬਰਾਉਣ ਜਾਂ ਡਰਨ ਦੀ ਲੋੜ ਨਹੀ ਹੈ।ਸਰਕਾਰ ਵੱਲੋਂ ਜਾਰੀ ਨਿਯਮਾਂ ਦੀ ਪਾਲਣਾ ਕਰੋ,ਘਰ ਰਹੋ ਸੁਰੱਖਿਅਤ ਰਹੋ।

ਫੋਟੋ ਕੈਪਸ਼ਨ ਡਾ.ਰਜਿੰਦਰ ਕੁਮਾਰ ,ਸਿਵਲ ਸਰਜਨ ਫਰੀਦਕੋਟ
ਫਰੀਦਕੋਟ ਦੀ ਆਰ ਆਰ ਟੀ ਟੀਮ

Dispatch No. I/20294/2020

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਜਿਲ੍ਹੇ ਦੀਆਂ ਮੰਡੀਆਂ ਵਿੱਚ ਕੱਲ ਸ਼ਾਮ ਤੱਕ 255725 ਮੀਟਰਕ ਟਨ ਕਣਕ ਦੀ ਆਮਦ ਹੋਈ

ਵੱਖ ਵੱਖ ਖਰੀਦ ਏਜੰਸੀਆਂ ਵੱਲੋਂ 246362 ਮੀਟਰਕ ਟਨ ਕਣਕ ਦੀ ਕੀਤੀ ਗਈ ਖਰੀਦ

ਫਰੀਦਕੋਟ 25 ਅਪ੍ਰੈਲ ( ) ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਕਣਕ ਦੀ ਖਰੀਦ ਲਈ 15 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਫਰੀਦਕੋਟ ਦੀਆਂ ਮੰਡੀਆਂ ਵਿੱਚ ਕਣਕ ਦੀ ਫਸਲ ਦੀ ਆਮਦ ਕਿਸਾਨਾਂ ਨੂੰ ਦਿੱਤੇ ਗਏ ਪਾਸਾਂ ਅਨੁਸਾਰ ਜਾਰੀ ਹੈ ।
ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀ ਜਸਪ੍ਰੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਜਿਲੇ ਦੀਆਂ ਮੰਡੀਆਂ ਵਿੱਚ ਕੱਲ ਸ਼ਾਮ ਤੱਕ 255725 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿਚੋਂ ਖਰੀਦ ਏਜੰਸੀਆਂ ਵੱਲੋਂ 246362 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੱਲ ਸ਼ਾਮ ਤੱਕ ਪਨਗ੍ਰੇਨ ਵੱਲੋਂ 82008 ਮੀਟਰਕ ਟਨ, ਮਾਰਕਫੈੱਡ ਵੱਲੋਂ 61533 ਮੀਟਰਕ ਟਨ,ਪਨਸਪ ਵੱਲੋਂ 57275 ਮੀਟਰਕ ਟਨ ,ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 30080 ਮੀਟਰਿਕ ਟਨ ਅਤੇ ਐਫ ਸੀ ਆਈ ਵੱਲੋਂ 15466 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ ਅਤੇ ਲਿਫਟਿੰਗ ਦਾ ਕੰਮ ਵੀ ਤੇਜੀ ਨਾਲ ਚਲ ਰਿਹਾ ਹੈ।

Dispatch  no I/20235/2020

ਦਫਤਰ ਜਿਲਾ ਲੋਕ ਸੰਪਰਕ ਅਫਸਰ ਫਰੀਦਕੋਟ
ਜ਼ਿਲ੍ਹੇ ਅੰਦਰ ਬੀਜ , ਖਾਦ , ਕੀਟਨਾਸ਼ਕਾਂ ਦੀ ਵਿੱਕਰੀ ਕਰਨ ਲਈ ਕਰਫਿਊ ਹੁਕਮਾਂ ਵਿੱਚ ਸਵੇਰੇ 09 . 00 ਵਜੇ ਤੋਂ ਦੁਪਹਿਰ 02 . 00 ਵਜੇ ਤੱਕ  ਛੋਟ
ਦੁਕਾਨਦਾਰ / ਡੀਲਰਾਂ / ਵਿਕਰੇਤਾ ਅਤੇ ਕਿਸਾਨ  ਨੂੰ ਹਦਾਇਤਾਂ ਦੀ ਪਾਲਣਾ ਦੇ ਆਦੇਸ਼

ਫਰੀਦਕੋਟ  25 ਅਪਰੈਲ (     )       ਜ਼ਿਲ੍ਹਾ ਮੈਜਿਸਟਰੇਟ ਸ੍ਰੀ ਕੁਮਾਰ ਸੌਰਭ ਰਾਜ ਵੱਲੋਂ ਫ਼ਰੀਦਕੋਟ ਜ਼ਿਲ੍ਹੇ ਵਿੱਚ  ਕਰੋਨਾ ਮਹਾਮਾਰੀ ਦੀ ਰੋਕਥਾਮ ਲਈ ਮਿਤੀ 23.03. 2020  ਤੋਂ ਕਰਫ਼ਿਊ ਲਗਾਇਆ ਗਿਆ ਸੀ।ਜਿਲਾ ਫਰੀਦਕੋਟ ਅੰਦਰ ਕਿਸਾਨਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਬੀਜ , ਖਾਦ , ਕੀਟਨਾਸ਼ਕਾਂ ਦੀ ਵਿੱਕਰੀ ਕਰਨ ਲਈ ਕਰਫਿਊ ਹੁਕਮਾਂ ਵਿੱਚ ਸਵੇਰੇ 06 . 00 ਵਜੇ ਤੋਂ ਸਵੇਰੇ 09 . 00 ਵਜੇ ਤੱਕ ਛੋਟ ਦਿੱਤੀ ਗਈ ਸੀ ।
ਹੁਣ ਮੁੱਖ ਖੇਤੀਬਾੜੀ ਅਫਸਰ , ਫਰੀਦਕੋਟ ਵਲੋ  ਕੀਤੀ ਗਈ ਬੇਨਤੀ ਕਿ ਕਿਸਾਨਾਂ ਅਤੇ ਖਾਦ / ਬੀਜ ਵਿਕਰੇਤਾਵਾਂ ਵੱਲੋਂ ਕੀਤੀ ਗਈ ਮੰਗ ਅਨੁਸਾਰ ਉਨ੍ਹਾਂ ਨੂੰ ਦੁਕਾਨਾਂ ਖੋਲ੍ਹਣ ਲਈ ਸਵੇਰੇ 9 : 00 ਵਜੇ ਤੋਂ ਦੁਪਹਿਰ 2 : 00 ਵਜੇ ਤੱਕ ਦੀ ਕਰਫਿਊ ਤੋਂ ਛੋਟ ਦਿੱਤੀ ਜਾਵੇ ।
ਇਸ ਲਈ ਮੁੱਖ ਖੇਤੀਬਾੜੀ ਅਫਸਰ , ਫਰੀਦਕੋਟ ਵੱਲੋਂ ਕੀਤੀ ਗਈ ਬੇਨਤੀ ਅਤੇ ਕਿਸਾਨਾਂ ਨੂੰ ਖਾਦ / ਬੀਜ ਖਰੀਦਣ ਲਈ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਤੇ ਮੰਤਵ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਫਰੀਦਕੋਟ ਅੰਦਰ ਬੀਜ , ਖਾਦ , ਕੀਟਨਾਸ਼ਕਾਂ ਦੀ ਵਿੱਕਰੀ ਕਰਨ ਲਈ ਕਰਫਿਊ ਹੁਕਮਾਂ ਵਿੱਚ ਸਵੇਰੇ 09 . 00 ਵਜੇ ਤੋਂ ਦੁਪਹਿਰ 02 . 00 ਵਜੇ ਤੱਕ ਪਹਿਲਾਂ ਜਾਰੀ ਹੁਕਮ ਵਿੱਚ ਲਗਾਈਆਂ ਗਈਆਂ ਸ਼ਰਤਾਂ ਦੇ ਅਧਾਰ ਤੇ ਛੋਟ ਦਿੱਤੀ ਜਾਂਦੀ ਹੈ ।
ਜਿਲਾ ਮੈਜਿਸਟਰੇਟ ਨੇ ਕਿਹਾ ਕਿ ਦੁਕਾਨਦਾਰ / ਡੀਲਰਾਂ / ਵਿਕਰੇਤਾ ਅਤੇ ਕਿਸਾਨ ਵਲੋਂ ਕੋਵਿਡ - 19 ਦੀ ਰੋਕਥਾਮ ਲਈ ਭਾਰਤ ਸਰਕਾਰ / ਪੰਜਾਬ ਸਰਕਾਰ / ਨਿਮਨਹਸਤਾਖਰ ਵਲੋਂ ਸਮੇਂ - ਸਮੇਂ ਸਿਰ ਜਾਰੀ ਕੀਤੀਆਂ ਗਾਈਡਲਾਈਨਜ਼ ਦੀ ਇੰਨ - ਬਿੰਨ ਪਾਲਣਾ ਯਕੀਨੀ ਬਣਾਈ ਬਨਾਉਣਗੇ । ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਮਾਜਿਕ ਦੂਰੀ ( 1 . 5 ਤੋਂ 2 ਮੀਟਰ ) ਬਣਾਈ ਰੱਖਣੀ ਵੀ ਯਕੀਨੀ ਬਨਾਉਣਗੇ ।